ਪੜਤਾਲ ਰਿਪੋਰਟ।

ਮਾਨਯੋਗ ਸਹਿਕਾਰਤਾ ਮੰਤਰੀ ਜੀ ਵੱਲੋਂ ਪ੍ਰਾਪਤ ਸ਼ਿਕਾਇਤ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਸੈਕਟਰ 68, ਮੋਹਾਲੀ ਦੇ ਕੰਮਾਂ ਦੀਆਂ ਅਦਾਇਗੀਆਂ ਬਾਰੇ ਨਿਮਨ ਹਸਤਾਖਰ ਨੂੰ ਪੜਤਾਲ ਕਰਨ ਦੇ ਆਦੇਸ਼ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ:8702, ਮਿਤੀ 1-7-2005 ਰਾਹੀਂ ਕੀਤੇ ਗਏ ਸਨ। ਇਹਨਾਂ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਪਹਿਲਾਂ ਤਾਂ ਇਸ ਨਿਮਨ ਹਸਤਾਖਰ ਵੱਲੋਂ ਸਭਾ ਦੇ ਪ੍ਰਧਾਨ ਅਤੇ ਸਬੰਧਤ ਇੰਸਪੈਕਟਰ ਨਾਲ ਤਾਲਮੇਲ ਕੀਤਾ ਗਿਆ। ਇਸ ਤਾਲਮੇਲ ਦੇ ਦੌਰਾਨ ਸਭਾ ਦੇ ਪ੍ਰਧਾਨ ਅਤੇ ਸਬੰਧਤ ਇੰਸਪੈਕਟਰ ਨੂੰ ਮਿਤੀ:2-7-05 ਨੂੰ ਸਵੇਰੇ 10-00 ਵਜੇ ਸਭਾ ਦੇ ਠੇਕੇਦਾਰਾਂ ਨੂੰ ਕੀਤੀਆਂ ਅਦਾਇਗੀਆਂ ਦੇ ਸਬੰਧ ਵਿਚ ਪੂਰਾ ਰਿਕਾਰਡ ਲੈ ਕੇ ਹਾਜ਼ਰ ਹੋਣ ਲਈ ਲਿਖਿਆ ਗਿਆ ਜਿਸ ਦੇ ਸਿੱਟੇ ਵਜੋਂ ਸਭਾ ਦਾ ਪ੍ਰਧਾਨ, ਸਬੰਧਤ ਇੰਸਪੈਕਟਰ ਅਤੇ ਸਾਈਟ ਇੰਜੀਨੀਅਰ ਨਿਰਧਾਰਤ ਮਿਤੀ ਅਤੇ ਸਮੇਂ ਨੂੰ ਹਾਜ਼ਰ ਤਾਂ ਹੋਏ ਪਰ ਲੋੜੀਂਦਾ ਰਿਕਾਰਡ ਲੈ ਕੇ ਨਹੀਂ ਆਏ। ਇਸ ਲਈ ਇਨ੍ਹਾਂ ਨੂੰ ਮੁੜ ਮਿਤੀ 4-7-05 ਨੂੰ 3-00 ਵਜੇ ਲੋੜੀਂਦਾ ਰਿਕਾਰਡ ਲੈ ਕੇ ਹਾਜ਼ਰ ਹੋਣ ਲਈ ਲਿਖਿਆ ਗਿਆ।

ਮਿਤੀ:4-7-05 ਨੂੰ ਸਭਾ ਵੱਲੋਂ ਇਕ ਠੇਕੇਦਾਰ ਮੈਸਰਜ਼ ਐੱਚ.ਆਰ.ਬਿਲਡਰਜ਼ ਪ੍ਰਾਈਵੇਟ ਲਿਮਟਿਡ ਦੇ ਸਬੰਧ ਵਿਚ ਕੁਝ ਰਿਕਾਰਡ ਦਿੱਤਾ ਗਿਆ ਅਤੇ ਜਦੋਂ ਇਨ੍ਹਾਂ ਨੂੰ ਦੂਜੇ ਠੇਕੇਦਾਰ ਮੈਸਰਜ਼ ਯੂ.ਟੀ.ਬਿਲਡਰਜ਼ ਐਂਡ ਪ੍ਰਮੋਟਰਜ਼ ਲਿਮ:ਦੇ ਰੇਟਾਂ ਦੇ ਠੇਕੇ ਦੀ ਕਾਪੀ ਅਤੇ ਹੋਰ ਸਬੰਧਤ ਰਿਕਾਰਡ ਦੇਣ ਲਈ ਲਿਖਿਆ ਗਿਆ ਤਾਂ ਸਾਈਟ ਇੰਜੀਨੀਅਰ ਵੱਲੋਂ ਦੱਸਿਆ ਗਿਆ ਕਿ ਇਸ ਠੇਕੇਦਾਰ ਦੇ ਕੰਮ ਦੇ ਰੇਟ ਉਹੀ ਹਨ ਜੋ ਕਿ ਪਹਿਲੇ ਠੇਕੇਦਾਰ ਮੈਸਰਜ਼ ਐੱਚ.ਆਰ.ਬਿਲਡਰਜ਼ ਪ੍ਰਾਈਵੇਟ ਲਿਮ:ਲਈ ਲਾਗੂ ਹੋਏ ਸਨ। ਸਭਾ ਵੱਲੋਂ ਬਾਕੀ ਲੋੜੀਂਦੇ ਰਿਕਾਰਡ ਮਿਤੀ:5-7-05 ਨੂੰ 11-00 ਵਜੇ ਉਪਲੱਬਧ ਕਰਵਾਉਣ ਲਈ ਸਮਾਂ ਮੰਗਿਆ ਗਿਆ ਜਿਹੜਾ ਕਿ ਅੱਜ ਤੱਕ ਇਨ੍ਹਾਂ ਵੱਲੋਂ ਮੁਹੱਈਆ ਨਹੀਂ ਕਰਵਾਇਆ ਗਿਆ।

ਇਸ ਸਬੰਧ ਵਿਚ ਨਿਮਨ ਹਸਤਾਖਰ ਵੱਲੋਂ ਮਿਤੀ:7-7-05 ਨੂੰ ਸਭਾ ਦੇ ਪ੍ਰਧਾਨ ਨੂੰ ਮਿਤੀ:5-7-05 ਨੂੰ ਬਾਕੀ ਰਹਿੰਦਾ ਰਿਕਾਰਡ ਮਿਤੀ:8-7-05 ਨੂੰ 3-00 ਵਜੇ ਤੱਕ ਉਪਲਬਧ ਕਰਵਾਉਣ ਬਾਰੇ ਪੱਤਰ ਲਿਖਿਆ ਗਿਆ ਜਿਸ ਦੀ ਪਾਲਣਾ ਕਰਦਿਆਂ ਹੋਇਆਂ ਸਭਾ ਦੇ ਪ੍ਰਧਾਨ ਨੇ ਮਿਤੀ:8-7-05 ਨੂੰ ਸਭਾ ਦੇ ਠੇਕੇਦਾਰ ਮੈਸਰਜ਼ ਯੂ.ਟੀ.ਬਿਲਡਰਜ਼ ਐਂਡ ਪ੍ਰਮੋਟਰਜ਼ ਲਿਮ: ਨੂੰ ਲੋੜੀਂਦਾ ਰਿਕਾਰਡ ਮੁਹੱਈਆ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਜਿਸ ਦੀ ਕਾਪੀ ਫੈਕਸ ਰਾਹੀਂ ਨਿਮਨ ਹਸਤਾਖਰ ਦੇ ਦਫ਼ਤਰ ਨੂੰ ਵੀ ਭੇਜੀ ਗਈ। ਮੁੜ ਮਿਤੀ:11-7-05 ਨੂੰ ਸਭਾ ਦੇ ਸਾਈਟ ਇੰਜੀਨੀਅਰ ਵੱਲੋਂ ਮੈਸਰਜ਼ ਯੂ.ਟੀ.ਬਿਲਡਰਜ਼ ਅਤੇ ਪ੍ਰਮੋਟਰਜ਼ ਲਿਮ: ਦੇ ਕੁਝ ਰਨਿੰਗ ਬਿੱਲਾਂ ਦੀਆਂ ਫੋਟੋਕਾਪੀਆਂ ਐਮ.ਬੀ.ਜ਼ ਦੇ ਨਾਲ ਉਪਲੱਬਧ ਕਰਵਾਈਆਂ ਗਈਆਂ ਜਿਸ ਦੇ ਵਿਚ ਠੇਕੇ ਦੇ ਰੇਟਾਂ ਦੀ ਪ੍ਰਮਾਣਿਤ ਕਾਪੀ ਮੌਜੂਦ ਨਹੀਂ ਸੀ। ਇਸ ਸਬੰਧ ਵਿਚ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੇ ਦਫ਼ਤਰ ਨੂੰ ਇਸ ਦਫ਼ਤਰ ਦੇ ਪੱਤਰ ਨੰ:5567, ਮਿਤੀ 23-8-05 ਰਾਹੀਂ ਲੋੜੀਂਦੇ ਰਿਕਾਰਡ ਦੀ ਪੂਰੀ ਸਥਿਤੀ ਦੱਸਦਿਆਂ ਹੋਇਆਂ ਬੇਨਤੀ ਕੀਤੀ ਗਈ ਕਿ ਇਹ ਰਿਕਾਰਡ ਜਲਦੀ ਤੋਂ ਜਲਦੀ ਮੁਹੱਈਆ ਕਰਵਾਉਣ ਲਈ ਸਭਾ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਪੜਤਾ

ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਇਸ ਦੇ ਨਾਲ ਇਸੇ ਹੀ ਮਿਤੀ 23-8-05 ਨੂੰ ਇਸ ਦਫਤਰ ਦੇ ਪੱਤਰ ਨੰ:914 ਰਾਹੀਂ ਸਭਾ ਦੇ ਪ੍ਰਸ਼ਾਸ਼ਕ ਨੂੰ ਲੋੜੀਂਦੇ ਰਿਕਾਰਡ ਦੀ ਸੂਚੀ ਦਿੰਦਿਆਂ ਹੋਇਆ ਰਿਕਾਰਡ ਜਲਦੀ ਤੋਂ ਜਲਦੀ ਮੁਹੱਈਆ ਕਰਵਾਉਣ ਲਈ ਵੀ ਪੱਤਰ ਵਿਹਾਰ ਕੀਤਾ ਗਿਆ। ਇਸ ਤੇ ਕਾਰਵਾਈ ਕਰਦਿਆਂ ਸਭਾ ਦੇ ਪ੍ਰਸ਼ਾਸ਼ਕ ਨੇ ਮਿਤੀ:24-8-05 ਨੂੰ ਹਲਕਾ ਨਿਰੀਖਕ ਰਾਹੀਂ ਸਭਾ ਦੇ ਸਾਈਟ ਇੰਜੀਨਿਅਰ ਨੂੰ ਸਬੰਧਤ ਰਿਕਾਰਡ ਮਿਤੀ: 25-8-05 ਨੂੰ ਸ਼ਾਮ 4-00 ਵਜੇ ਨਿਮਨ ਹਸਤਾਖਰ ਦੇ ਦਫਤਰ ਪਹੁੰਚਾਣ ਲਈ ਹਦਾਇਤ ਜਾਰੀ ਕੀਤੀ ਗਈ ਜਿਸ ਦੀ ਅੱਜ ਤੱਕ ਤਾਮੀਲ ਨਹੀਂ ਕੀਤੀ ਗਈ। ਮੁੜ ਪੱਤਰ ਨੰ:997 ਮਿਤੀ:31-8-05 ਰਾਹੀਂ ਸਭਾ ਦੇ ਪ੍ਰਸ਼ਾਸ਼ਕ ਨੂੰ ਲੋੜੀਂਦਾ ਰਿਕਾਰਡ ਮੁਹੱਈਆ ਕਰਵਾਉਣ ਲਈ ਪੱਤਰ ਵਿਹਾਰ ਕੀਤਾ ਗਿਆ ਜਿਸ ਦਾ ਉਤਾਰਾ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੇ ਦਫਤਰ ਨੂੰ ਵੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਗਿਆ। ਸਭਾ ਦੇ ਪ੍ਰਸ਼ਾਸ਼ਕ ਨੂੰ ਲੋੜੀਂਦਾ ਰਿਕਾਰਡ ਉਪਲੱਬਧ ਕਰਵਾਉਣ ਲਈ ਮੁੜ ਪੱਤਰ ਨੰ:1272, ਮਿਤੀ 23-9-05 ਰਾਹੀਂ ਲਿਖਿਆ ਗਿਆ ਅਤੇ ਉਸੇ ਦਿਨ ਸਭਾ ਦੇ ਪ੍ਰਸ਼ਾਸ਼ਕ ਵੱਲੋਂ ਲਿਖਤੀ ਤੌਰ ਤੇ ਨਿਮਨ ਹਸਤਾਖਰ ਨੂੰ ਦੱਸਿਆ ਗਿਆ ਕਿ ਰਿਕਾਰਡ ਚੈੱਕ ਲਈ ਮਿਤੀ:11-4-05 ਨੂੰ ਐਫ.ਆਈ.ਆਰ.ਦਰਜ ਕਰਨ ਲਈ ਐਸ.ਐਸ.ਪੀ. ਰੋਪੜ ਨੂੰ ਲਿਖਿਆ ਗਿਆ ਹੈ ਅਤੇ ਇਸ ਦੇ ਨਾਲ ਇਹ ਵੀ ਦੱਸਿਆ ਕਿ ਮਿੱਟੀ ਦੀ ਭਰਾਈ ਸਬੰਧੀ ਕੋਈ ਰਿਕਾਰਡ ਅਤੇ ਐਮ.ਬੀ.'ਜ਼ ਆਦਿ ਨਹੀਂ ਹਨ ਕਿਉਂਕਿ ਪੇਮੈਂਟ ਸਭਾ ਵੱਲੋਂ ਮਤਿਆਂ ਦੇ ਅਧਾਰ ਤੇ ਹੀ ਕੀਤੀ ਗਈ ਹੈ। ਸਭਾ ਵੱਲੋਂ ਲੋੜੀਂਦਾ ਰਿਕਾਰਡ ਮੁਹੱਈਆ ਨਾ ਕਰਨ ਕਾਰਨ ਨਿਮਨ ਹਸਤਾਖਰ ਵੱਲੋਂ ਸਮੇਂ ਸਮੇਂ ਸਿਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੇ ਦਫਤਰ ਨੂੰ ਪੱਤਰ ਨੰ:1135 ਮਿਤੀ:27-4-06, ਨੰ:5688 ਮਿਤੀ 23-8-06, ਨੰ:6302 ਮਿਤੀ: 5-9-06, ਅਰਧ ਸਰਕਾਰੀ ਪੱਤਰ ਨੰ:6844 ਮਿਤੀ:20-9-06 ਅਤੇ ਨੰ:7740 ਮਿਤੀ:20-10-06 ਰਾਹੀਂ ਬੇਨਤੀ ਕੀਤੀ ਗਈ ਪਰ ਲੋੜੀਂਦਾ ਰਿਕਾਰਡ ਅਜੇ ਤੱਕ ਸਭਾ ਵੱਲੋਂ ਉਪਲੱਬਧ ਨਹੀਂ ਕਰਵਾਇਆ ਗਿਆ। ਇਸ ਸਬੰਧ ਵਿਚ ਨਿਮਨ ਹਸਤਾਖਰ ਵੱਲੋਂ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਰੋਪੜ ਨੂੰ ਅਰਧ ਸਰਕਾਰੀ ਪੱਤਰ ਨੰ:6845 ਮਿਤੀ:20-9-06 ਅਤੇ ਸਭਾ ਦੇ ਪ੍ਰਧਾਨ ਅਤੇ ਸਬੰਧਤ ਨਿਰੀਖਕ ਨੂੰ ਵੀ ਪੱਤਰ ਨੰ:1711 ਮਿਤੀ:10-5-06, ਨੰ:7803 ਮਿਤੀ:23-10-06 ਲਿਖਣ ਦੇ ਬਾਵਜੂਦ ਵੀ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਗਿਆ।

ਉਪਰੋਕਤ ਨੂੰ ਮੱਦੇ ਨਜ਼ਰ ਰੱਖਦਿਆਂ ਜਿਵੇਂ ਕਿ ਨਿਮਨ ਹਸਤਾਖਰ ਵੱਲੋਂ ਰ:ਸ:ਸ ਜੀ ਦੇ ਦਫਤਰ ਨੂੰ ਪੱਤਰ ਨੰ:7740, ਮਿਤੀ 20-10-06 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਯੂਨਾਈ-ਟਿਡ ਸਭਾ ਵੱਲੋਂ ਲੋੜੀਂਦਾ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ਹੈ ।" ਇਸ ਲਈ ਉਪਲੱਬਧ ਰਿਕਾਰਡ ਦੇ ਅਧਾਰ ਤੇ ਪੜਤਾਲ ਭੇਜ ਦਿੱਤੀ ਜਾਵੇਗੀ।

ਜਾਰੀ---03-

ਇਸ ਲਈ ਉਪਲੱਬਧ ਰਿਕਾਰਡ ਤੇ ਅਧਾਰਿਤ ਅਤੇ ਤਕਨੀਕੀ ਪਹਿਲੂਆਂ ਨੂੰ ਮੱਦੇ ਨਜ਼ਰ ਰੱਖਦਿਆਂ ਸਭਾ ਵਿਚ ਕੰਮ ਕਰਦੇ ਠੇਕੇਦਾਰਾਂ ਨੂੰ ਕੀਤੀਆਂ ਅਦਾਇਗੀਆਂ ਸਬੰਧੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-

1: ਸਭਾ ਦੇ ਵਿਚ ਇਸ ਵੇਲੇ ਦੋ ਠੇਕੇਦਾਰ ਜਿਹਨਾਂ ਦੇ ਨਾਮ ਕ੍ਰਮਵਾਰ ਮੈਸਰਜ਼ ਐਡ.ਆਨ ਬਿਲਡਰਜ਼ ਲਿਮ: ਅਤੇ ਮੈਸਰਜ਼ ਯੂ.ਟੀ. ਬਿਲਡਰਜ਼ ਐਂਡ ਪ੍ਰਮੋਟਰਜ਼ ਲਿਮ: ਹੈ, ਕੰਮ ਕਰ ਰਹੇ ਹਨ। ਇਹਨਾਂ ਵਲੋਂ ਕੀਤੇ ਗਏ ਕੰਮਾਂ ਦੀ ਪੈਮਾਇਸ਼ ਨਿਮਨ ਹਸਤਾਖਰ ਨੇ ਸ੍ਰੀ ਐਮ.ਕੇ. ਜੈਨ, ਐਸ.ਡੀ.ਓ. ਹਾਊਸਫੈਡ ਅਤੇ ਸ੍ਰੀ ਪੀ.ਸੀ.ਜੈਨ, ਜੇ.ਈ. ਹਾਊਸਫੈਡ ਦੀ ਸਹਾਇਤਾ ਨਾਲ ਉਪਲੱਬਧ ਰਿਕਾਰਡ ਦੇ ਅਧਾਰ ਤੇ ਮੁਕੰਮਲ ਕਰਵਾਈ ਹੈ। ਇਨ੍ਹਾਂ ਪੈਮਾਇਸ਼ਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੁਣ ਤੱਕ ਮੈਸਰਜ਼ ਐਡ.ਆਨ ਬਿਲਡਰਜ਼ ਲਿਮ: ਵਲੋਂ 7,60,24,977/- ਰੁਪਏ ਅਤੇ ਮੈਸਰਜ਼ ਯੂ.ਟੀ. ਬਿਲਡਰਜ਼ ਲਿਮ: ਵਲੋਂ 10,22,10,414/- ਰੁਪਏ ਦਾ ਕੰਮ ਕੀਤਾ ਗਿਆ ਹੈ। ਇਹ ਪੈਮਾਇਸ਼ਾਂ ਕਰਦਿਆਂ ਹੋਇਆਂ ਇਹ ਗਲ ਧਿਆਨ ਵਿਚ ਆਈ ਹੈ ਕਿ ਮੈਸਰਜ਼ ਯੂ.ਟੀ. ਬਿਲਡਰਜ਼ ਐਂਡ ਪ੍ਰਮੋਟਰਜ਼ ਲਿਮ: ਦੇ ਉਪਰੋਕਤ ਦੱਸੇ ਕੰਮ ਦੇ ਵਿਚ ਇੱਕ ਦੋ ਏਜੰਸੀਆਂ ਨੇ ਵੀ ਸ਼ੁਰੂ ਦੇ ਵਿਚ ਕੰਮ ਕੀਤਾ ਹੋਇਆ ਹੈ ਪਰ ਉਹਨਾਂ ਨੂੰ ਅਲਾਟ ਕੀਤੇ ਕੰਮ ਅਤੇ ਉਹਨਾਂ ਵਲੋਂ ਕੀਤੇ ਹੋਏ ਕੰਮ ਦਾ ਕੋਈ ਰਿਕਾਰਡ ਉਪਲੱਬਧ ਨਹੀਂ ਕਰਵਾਇਆ ਗਿਆ। ਇਸ ਲਈ ਯੂ.ਟੀ. ਬਿਲਡਰਜ਼ ਵਲੋਂ ਕੀਤੇ ਕੰਮ ਦੀ ਰਕਮ ਬਾਰੇ ਦੱਸਣਾ ਔਖਾ ਹੈ।

2. ਮੈਸਰਜ਼ ਯੂ.ਟੀ. ਬਿਲਡਰਜ਼ ਐਂਡ ਪ੍ਰਮੋਟਰਜ਼ ਵਲੋਂ ਫਾਇਰ ਫਾਇਟਿੰਗ ਦਾ ਕੰਮ ਵੀ ਕੀਤਾ ਗਿਆ ਹੈ ਪਰ ਇਸ ਸਬੰਧੀ ਸਭਾ ਵਲੋਂ ਕੋਈ ਵੀ ਰਿਕਾਰਡ ਨਹੀਂ ਦਿੱਤਾ ਗਿਆ ਜਿਸ ਦੇ ਅਧਾਰ ਤੇ ਇਸਦੀ ਪੈਮਾਇਸ਼ ਕੀਤੀ ਜਾ ਸਕੇ। ਇਸ ਲਈ ਇਸਦੀ ਪੈਮਾਇਸ਼ ਨਹੀਂ ਕੀਤੀ ਗਈ ਅਤੇ ਸਿੱਟੇ ਵਜੋਂ ਇਸਦੀ ਬਣਦੀ ਰਕਮ ਵੀ ਉਕਤ ਦੱਸੇ ਭੁਗਤਾਨ ਵਿਚ ਸ਼ਾਮਲ ਨਹੀਂ ਹੈ।

3. ਮੈਸਰਜ਼ ਯੂ.ਟੀ. ਬਿਲਡਰਜ਼ ਐਂਡ ਪ੍ਰਮੋਟਰਜ਼ ਦੇ ਰੇਟਾਂ ਸਬੰਧੀ ਠੇਕੇ ਅਤੇ ਡੀ.ਐਨ.ਆਈ.ਟੀ. ਦੀ ਕਾਪੀ ਵੀ ਅਜੇ ਤਕ ਉਪਲੱਬਧ ਨਹੀਂ ਕਰਵਾਈ ਗਈ ਹੈ ਕਿਉਂ ਕਿ ਪ੍ਰਸ਼ਾਸ਼ਕ ਅਤੇ ਸਬੰਧਤ ਨਰੀਖਕ ਦੇ ਸਾਹਮਣੇ ਸਭਾ ਦੇ ਸਾਈਟ ਇੰਜਨੀਅਰ ਵਲੋਂ ਨਿਮਨ ਹਸਤਾਖਰ ਨੂੰ ਇਹ ਦੱਸਿਆ ਗਿਆ ਕਿ ਮੈਸਰਜ਼ ਯੂ.ਟੀ. ਬਿਲਡਰਜ਼ ਠੇਕੇਦਾਰ ਵਲੋਂ ਕੀਤੇ ਗਏ ਕੰਮਾਂ ਦੇ ਰੇਟ ਉਹੀ ਅਦਾ ਕੀਤੇ ਜਾ ਰਹੇ ਹਨ ਜਿਹੜੇ ਕਿ ਮੈਸਰਜ਼ ਐਡ.ਆਨ. ਬਿਲਡਰਜ਼ ਦੇ ਕੇਸ ਵਿਚ ਲਾਗੂ ਕੀਤੇ ਗਏ ਹਨ। ਇਸ ਲਈ ਯੂ.ਟੀ. ਬਿਲਡਰਜ਼ ਦੇ ਵਲੋਂ ਕੀਤੇ ਗਏ ਕੰਮਾਂ ਦੀ ਉਪਰੋਕਤ ਦੱਸੀ ਰਕਮ ਐਡ.ਆਨ. ਬਿਲਡਰਜ਼ ਦੇ ਰੇਟਾਂ ਦੇ ਅਧਾਰ ਤੇ ਹੀ ਕੱਢੀ ਗਈ ਹੈ ਜਿਸਦੇ ਠੀਕ ਬਾਰੇ ਨਿਮਨ-ਹਸਤਾਖਰ ਵਲੋਂ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ।

4: ਮੈਸਰਜ਼ ਐਡ.ਆਨ. ਬਿਲਡਰਜ਼ ਠੇਕੇਦਾਰ ਨੂੰ ਅਲਾਟ ਕੀਤੇ ਕੰਮ ਜਿਵੇਂ ਕਿ ਐਕਸਟਰਨਲ ਇਲੈਕਟ੍ਰੀਫਿਕੇਸ਼ਨ, ਟਰਾਂਸਫਾਰਮਰਜ਼, ਜੈਨਰੇਟਰਜ਼ ਸੈਟ ਅਤੇ ਬਿਜਲੀ ਦੀਆਂ ਕੇਬਲਾਂ ਆਦਿ ਦੇ ਕੰਮਾਂ ਦੀ ਪ੍ਰਮਾਣਿਤ ਠੇਕੇ ਅਤੇ ਡੀ.ਐਨ.ਆਈ.ਟੀ. ਦੀ ਕਾਪੀ ਵੀ ਮੁਹੱਈਆ ਨਹੀਂ ਕਰਵਾਈ ਗਈ ਹੈ ਪਰ ਇਸ ਠੇਕੇਦਾਰ ਵਲੋਂ ਜਿਹਨਾਂ ਆਈਟਮਾਂ ਦੇ ਕੀਤੇ ਗਏ ਕੰਮ ਦੀ ਪੈਮਾਇਸ਼ ਕਰ ਲਈ ਗਈ ਹੈ ਅਤੇ ਉਪਰੋਕਤ ਦਰਸਾਈ ਗਈ ਰਕਮ ਦੇ ਵਿਚ ਇਹ ਮੰਨਕੇ ਸ਼ਾਮਲ ਕਰ ਲਈ ਗਈ ਹੈ ਕਿ ਜੋ ਵੀ ਇਹਨਾਂ ਕੰਮਾਂ ਦੇ ਰੇਟਾਂ ਦੀ ਅਣ-ਪ੍ਰਮਾਣਿਤ ਠੇਕੇ ਦੀ ਕਾਪੀ ਠੇਕੇਦਾਰ ਵਲੋਂ ਦਿੱਤੀ ਗਈ ਹੈ, ਸ਼ਾਇਦ ਉਹ ਠੀਕ ਹੀ ਹੋਵੇ ਪਰ ਇਸ ਗੱਲ ਦੇ ਠੀਕ ਜਾਂ ਨਾ-ਠੀਕ ਬਾਰੇ ਟਿੱਪਣੀ ਨਹੀਂ ਕੀਤੀ ਜਾ ਸਕਦੀ।

5. ਦੋਹਾਂ ਏਜੰਸੀਆਂ ਵਲੋਂ ਜੋ ਵੀ ਹੁਣ ਤੱਕ ਕੰਮ ਕੀਤਾ ਗਿਆ ਹੈ, ਸਭਾ ਵਲੋਂ ਉਹਨਾਂ ਕੰਮਾਂ ਦੇ ਪ੍ਰਮਾਣਿਤ ਰੇਟਾਂ ਤੋਂ ਇਲਾਵਾ 16% ਐਸਕਾਲੇਸ਼ਨ ਦਿੱਤੀ ਗਈ ਹੈ ਜਿਸ ਨੂੰ ਅਦਾ ਕਰਨ ਸਬੰਧੀ ਫੈਸਲਾ ਸਭਾ ਵਲੋਂ ਮਤਾ ਨੰ: - 7 ਮਿਤੀ 12-9-2004 ਰਾਹੀਂ ਲਿਆ ਗਿਆ

ਜਾਰੀ--- 04

ਹੈ ਜਿਸਦੀ ਕਾਪੀ ਨਾਲ ਨੱਥੀ ਹੈ ਪਰੰਤੂ ਠੇਕੇ ਅਤੇ ਡੀ.ਐਨ.ਆਈ.ਟੀ. ਦੀ ਕਾਪੀ ਮੁਤਾਬਿਕ ਇਹ ਇਹ ਐਸਕਾਲੇਸ਼ਨ ਕਲਾਜ਼ ਨੰ:-6.3.0, 6.4.9 ਮੁਤਾਬਿਕ ਦਿੱਤੇ ਫਾਰਮੂਲੇ ਅਨੁਸਾਰ ਦੇਣੀ ਬਣਦੀ ਸੀ ਜੋ ਕਿ ਪ੍ਰਾਈਸ ਇੰਡੈਕਸ ਤੇ ਅਧਾਰਿਤ ਹੈ । ਇਸ ਸਬੰਧ ਦੇ ਵਿਚ ਵੀ ਸਭਾ ਵਲੋਂ ਕੋਈ ਰਿਕਾਰਡ ਪੇਸ਼ ਨਹੀਂ ਕੀਤਾ ਗਿਆ । ਇਸ ਲਈ ਨਿਮਨ ਹਸਤਾਖਰ ਵਲੋਂ ਵੀ ਠੇਕੇਦਾਰ ਵਲੋਂ ਕੀਤੇ ਕੰਮਾਂ ਦੀਆਂ ਉਪਰੋਕਤ ਦੱਸੀਆਂ ਕਮਾਂ ਦੇ ਵਿਚ 16% ਆਸਕਾਲੇਸ਼ਨ ਸ਼ਾਮਿਲ ਕੀਤੀ ਗਈ ਹੈ, ਜਦੋਂ ਕਿ ਇਸਦਾ ਅਧਾਰ ਠੀਕ ਨਹੀਂ ਹੈ ।

6. ਉਪਰੋਕਤ ਫੁੱਲ ਕੀਤੇ ਕੰਮਾਂ ਵਿਚ ਤਕਰੀਬਨ 27-28 ਐਨ.ਐਸ. ਆਈਟਮਾਂ ਹਨ ਕਿਉਂ ਜੋ ਇਹਨਾਂ ਆਈਟਮਾਂ ਦੇ ਰੇਟ ਡੀ.ਐਨ.ਆਈ.ਟੀ. ਵਿਚ ਨਹੀਂ ਸਨ ਪਰ ਮੌਕੇ ਤੇ ਜਰੂਰਤ ਸਮਝਦਿਆਂ ਹੋਇਆਂ ਇਹ ਕੰਮ ਕਰਵਾ ਲਏ ਗਏ ਹਨ , ਪਰੰਤੂ ਇਹਨਾਂ ਐਨ.ਐਸ. ਆਈਟਮਾਂ ਦੇ ਰੇਟਾਂ ਦੀ ਕੈਲਕੁਲੇਸ਼ਨ ਬਾਰੇ ਕੋਈ ਵੀ ਰਿਕਾਰਡ ਉਪਲੱਬਧ ਨਹੀਂ ਹੈ ਜਦੋਂ ਕਿ ਇਹ ਰੇਟ ਸਭਾ ਵਲੋਂ ਮਨਜ਼ੂਰ ਕੀਤੇ ਗਏ ਹਨ , ਜਦੋਂ ਕਿ ਇਹਨਾਂ ਦੀ ਮਨਜ਼ੂਰੀ ਦਾ ਅਧਾਰ ਹੋਣਾ ਜਰੂਰੀ ਹੈ । ਇਹਨਾਂ ਰੇਟਾਂ ਦੀ ਮਨਜ਼ੂਰੀ ਤੋਂ ਬਾਦ 16% ਐਸਕਾਲੇਸ਼ਨ ਹੋਰ ਦਿੱਤੀ ਗਈ ਹੈ ਜੋ ਕਿ ਵਾਜਿਬ ਨਹੀਂ ਹੈ ਕਿਉਂ ਕਿ ਐਨ.ਐਸ. ਆਈਟਮਾਂ ਦੇ ਰੇਟਾਂ ਤੇ ਐਸਕਾਲੇਸ਼ਨ ਨਹੀਂ ਦਿੱਤੀ ਜਾ ਸਕਦੀ, ਕਿਉਂ ਕਿ ਇਹਨਾਂ ਆਈਟਮਾਂ ਦੇ ਕੰਮਾਂ ਤੇ ਜੋ ਵੀ ਖਰਚ ਆਉਂਦਾ ਹੈ, ਉਸ ਉਪਰ ਠੇਕੇਦਾਰ ਨੂੰ ਲੇਬਰ ਅਤੇ ਵਰਤੇ ਜਾਣ ਵਾਲੇ ਸਮਾਨ ਉਪਰ ਪੀ.ਡਬਲਿਊ.ਡੀ. ਵਲੋਂ ਨਿਰਧਾਰਤ ਰੇਟਾਂ ਦੇ ਮੁਤਾਬਿਕ ਨਿਰਧਾਰਤ ਲਾਭ ਦਿੱਤਾ ਜਾਂਦਾ ਹੈ । ਇਹ ਲਾਭ ਦੇਣ ਤੋਂ ਬਾਅਦ ਹੀ ਐਨ.ਐਸ. ਆਈਟਮਾਂ ਦੇ ਰੇਟਾਂ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ । ਇਸ ਲਈ ਉਪਰੋਕਤ ਦੱਸੀਆਂ ਫੁੱਲ ਕੀਤੇ ਕੰਮਾਂ ਦੀਆਂ ਕਮਾਂ ਵਿਚ ਨਿਮਨ ਹਸਤਾਖਰ ਵਲੋਂ ਇਹ 16% ਐਸਕਾਲੇਸ਼ਨ ਸ਼ਾਮਿਲ ਨਹੀਂ ਕੀਤੀ ਗਈ ਹੈ।

ਇਹ ਵੀ ਧਿਆਨ ਵਿਚ ਆਇਆ ਹੈ ਕਿ ਸਟੀਲ ਦੀਆਂ ਕੁਝ ਆਈਟਮਾਂ ਦੇ ਰੇਟ ਠੇਕੇ ਵਿਚ ਸ਼ਾਮਲ ਹਨ ਪਰ ਸਟੀਲ ਦਾ ਰੇਟ ਮਾਰਕੀਟ ਦੇ ਵਿਚ ਬਹੁਤ ਜਿਆਦਾ ਵੱਧਣ ਦੇ ਕਾਰਨ ਇਹ ਸਭਾ ਵਲੋਂ ਸਪਲਾਈ ਕੀਤਾ ਗਿਆ ਹੈ ਜਿਸਦੀ ਕੋਈ ਵੀ ਡਿਟੇਲ ਨਿਮਨਹਸਤਾਖਰ ਨੂੰ ਉਪਲੱਬਧ ਨਹੀਂ ਕਰਵਾਈ ਗਈ ਜਦੋਂ ਕਿ ਇਹ ਸਟੀਲ ਠੇਕੇਦਾਰਾਂ ਵਲੋਂ ਖਰੀਦਿਆ ਜਾਣਾ ਸੀ, ਕਿਉਂ ਕਿ ਇੰਮਪਲਾਇਰ ਵਲੋਂ ਇਹ ਕਦੇ ਨਹੀਂ ਵੇਖਿਆ ਜਾਂਦਾ ਕਿ ਠੇਕੇਦਾਰ ਨੂੰ ਕਿਸ ਆਈਟਮ ਦੇ ਵਿਚ ਲਾਭ ਹੋਣਾ ਹੈ ਅਤੇ ਕਿਸਦੇ ਵਿਚ ਹਾਨੀ । ਦੂਜੇ ਪਾਸੇ 16% ਐਸਕਾਲੇਸ਼ਨ ਵੀ ਦਿੱਤੀ ਗਈ ਹੈ ਜੋ ਕਿ ਇਸੇ ਮੰਤਵ ਲਈ ਹੁੰਦੀ ਹੈ ਕਿ ਮੈਟੀਰੀਅਲ ਦੇ ਰੇਟਾਂ ਵਿਚ ਠੇਕੇ ਦੇ ਦੌਰਾਨ ਜੇਕਰ ਕੋਈ ਅਸਾਧਾਰਣ ਵਾਧਾ ਹੋ ਜਾਵੇ ਤਾਂ ਉਸ ਵਾਧੇ ਨੂੰ ਕੰਪਨਸੇਟ ਕੀਤਾ ਜਾ ਸਕੇ।

7. ਸਭਾ ਵਲੋਂ ਠੇਕੇਦਾਰ ਦਾ ਜਿੰਨਾ ਟੀ.ਡੀ.ਐਸ., ਸੇਲ ਟੈਕਸ ਅਤੇ ਸਕਿਉਰਟੀ ਆਦਿ ਕੱਟੀ ਗਈ ਹੈ, ਇਸ ਸਬੰਧੀ ਵੀ ਕੋਈ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਗਿਆ । ਇਸ ਲਈ ਜੋ ਨਿਯਮਾਂ ਅਨੁਸਾਰ ਕਟੌਤੀਆਂ ਬਣਦੀਆਂ ਸਨ , ਉਹਨਾਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਉਪਰੋਕਤ ਦਰਸਾਈ ਗਈ ਕਮ ਮੁਤਾਬਿਕ ਜੋ ਵੀ ਕਟੌਤੀਆਂ ਬਣਦੀਆਂ ਹਨ, ਉਹਨਾਂ ਦੀ ਗਣਨਾ ਕਰਨ ਤੋਂ ਬਾਦ ਹੀ ਉਪਰੋਕਤ ਦੱਸੀਆਂ ਫੁੱਲ ਕੀਤੇ ਕੰਮਾਂ ਦੀਆਂ ਕਮਾਂ ਕੱਢੀਆਂ ਗਈਆਂ ਹਨ ।

8. ਠੇਕੇਦਾਰ ਨੂੰ ਸਮੇਂ ਸਮੇਂ ਸਿਰ ਐਕਸਟੈਂਸ਼ਨ ਦੇਣ ਸਬੰਧੀ ਕੋਈ ਵੀ ਪਰਵਾਨਗੀ ਦੀ ਕਾਪੀ ਸਭਾ ਵਲੋਂ ਮੁਹੱਈਆ ਨਹੀਂ ਕਰਵਾਈ ਗਈ ।

9. ਸਭਾ ਵਲੋਂ ਠੇਕੇਦਾਰ ਨੂੰ ਹੁਣ ਤੱਕ ਕੀਤੀਆਂ ਗਈਆਂ ਪੇਮੈਂਟਾਂ ਦਾ ਕੋਈ ਵੀ ਰਿਕਾਰਡ ਉਪਲੱਬਧ ਨਹੀਂ ਕਰਵਾਇਆ ਗਿਆ ਹੈ।

ਜਾਰੀ-05-

10. ਸਾਈਟ ਉਪਰ ਪਾਈ ਗਈ ਮਿੱਟੀ ਸਬੰਧੀ ਕੀਤੀ ਗਈ ਅਦਾਇਗੀ ਦਾ ਕੋਈ ਵੀ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਗਿਆ ਹੈ।

11. ਵਿਭਨ ਆਈਟਮਜ਼ ਦੇ ਕੀਤੇ ਹੋਏ ਕੰਮਾਂ ਦਾ ਰਿਕਾਰਡ ਮੁਹੱਈਆ ਕਰਵਾਈਆਂ ਗਈਆਂ ਐਮ.ਬੀਜ਼ ਦੇ ਵਿਚ ਹੋਈਆਂ ਐਂਟਰੀਆਂ ਦੇ ਮੁਤਾਬਿਕ ਲਿਆ ਗਿਆ ਹੈ ਕਿਉਂ ਕਿ ਇਸ ਸਬੰਧੀ ਹੁਣ ਪੈਮਾਇਸ਼ ਕਰਨੀ ਅਸੰਭਵ ਹੈ ।

12. ਸਭਾ ਵਲੋਂ ਚੌਹਾਂ ਠੇਕੇਦਾਰਾਂ ਨੂੰ ਜਿੰਨੇ ਜਿੰਨੇ ਹਾਊਸ ਬਣਾਉਣ ਦਾ ਠੇਕਾ ਦਿੱਤਾ ਗਿਆ ਹੈ, ਉਸ ਸਬੰਧੀ ਵੀ ਕੋਈ ਰਿਕਾਰਡ ਉਪਲੱਬਧ ਨਹੀਂ ਕਰਵਾਇਆ ਗਿਆ । ਸਭਾ ਦੇ ਸਾਈਟ ਇੰਜੀਨੀਅਰ ਨੇ ਦੱਸਿਆ ਕਿ ਜਿਹੜਾ ਕੰਮ ਜਿਸ ਠੇਕੇਦਾਰ ਦਾ ਹੈ, ਉਸਦੇ [illegible] ਮੁਤਾਬਿਕ ਹੀ ਪੈਮਾਇਸ਼ ਕੀਤੀ ਗਈ ਹੈ ।

ਉਪਰੋਕਤ ਅੰਕੜਿਆਂ ਅਤੇ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਮਨ ਹਸਤਾਖਰ ਵਲੋਂ ਭਰਪੂਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸਭਾ ਵਲੋਂ ਮੁਕੰਮਲ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਗਿਆ ਅਤੇ ਜੋ ਵੀ ਰਿਕਾਰਡ ਸਭਾ ਵਲੋਂ ਉਪਲੱਬਧ ਕਰਵਾਇਆ, ਉਸ ਅਧਾਰ ਤੇ ਰਿਪੋਰਟ ਕੀਤੀ ਜਾਂਦੀ ਹੈ ।

9/11/06

ਨਿਰੀਖਣ ਇੰਜੀਨੀਅਰ,
ਹਾਊਸਫੈਡ, ਪੰਜਾਬ,
ਚੰਡੀਗੜ੍ਹ ।